# ਨਗਰ ਅਤੇ ਗਰਾਮ ਯੋਜਨਾਂਬੰਦੀ ਵਿਭਾਗ ਪੰਜਾਬ

ਵੱਲੋ

ਮੁੱਖ ਨਗਰ ਯੋਜਨਾਕਾਰ,
ਪੰਜਾਬ ਐਟ ਪੁੱਡਾ ਭਵਨ, ਸੈਕਟਰ-62
ਐਸ.ਏ.ਐਸ ਨਗਰ (ਮੁਹਾਲੀ)

ਵੱਲ

1. ਸਮੂਹ ਸੀਨੀਅਰ ਨਗਰ ਯੋਜਨਾਕਾਰ।
2. ਸਮੂਹ ਜ਼ਿਲਾ ਨਗਰ ਯੋਜਨਾਕਾਰ।

ਯਾਦ ਪੱਤਰ ਨੰ: 4879-4897-ਸੀਟੀਪੀ(ਪਬ)/SP-107
ਮਿਤੀ: 28.08.2014.

**ਵਿਸ਼ਾ:-** **ਨੈਸ਼ਨਲ ਹਾਈਵੇਜ਼ ਉੱਤੇ ਪੈਂਦੇ ਪ੍ਰੋਜੈਕਟਾਂ ਨੂੰ National Highway Authority of India (NHAI) ਵੱਲੋਂ ਅਕਸੈਸ ਸਬੰਧੀ ਪ੍ਰੋਵੀਜ਼ਨਲ ਪ੍ਰਵਾਨਗੀ ਪ੍ਰਾਪਤ ਹੋਣ ਉਪਰੰਤ ਪ੍ਰੋਜੈਕਟਾਂ ਦੇ ਬਿਲਡਿੰਗ ਪਲੈਨ/ਲੇ-ਆਊਟ ਪਲੈਨ ਆਦਿ ਪ੍ਰਵਾਨ ਕਰਨ ਸਬੰਧੀ।**

**ਹਵਾਲਾ:** **ਇਸ ਦਫਤਰ ਦੇ ਪੱਤਰ ਨੰ: 2500-20- ਸੀਟੀਪੀ(ਪਬ)/ ਐਸ.ਪੀ. 107, ਮਿਤੀ 05.04.2011 ਦੀ ਲਗਾਤਾਰਤਾ ਵਿੱਚ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਮਿਤੀ 11.04.2014 ਨੂੰ ਮਾਨਯੋਗ ਸਕੱਤਰ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ, ਪੰਜਾਬ ਚੰਡੀਗੜ੍ਹ ਜੀ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਲਏ ਗਏ ਫੈਸਲੇ ਅਨੁਸਾਰ ਨੈਸ਼ਨਲ ਹਾਈਵੇਅ ਤੋਂ ਪਹੁੰਚ ਪ੍ਰਾਪਤ ਕਰਨ ਵਾਲੇ ਪ੍ਰੋਜੈਕਟਾਂ ਲਈ ਹਾਊਸਿੰਗ ਪ੍ਰੋਜੈਕਟਾਂ ਨੂੰ ਛੱਡਕੇ ਬਾਕੀ ਦੇ ਸਟੈਂਡ ਅਲੋਨ ਪ੍ਰੋਜੈਕਟ ਜਿਵੇਂ ਕਿ ਵਿਦਿਅਕ,ਮੈਰਿਜ਼ ਪੈਲੇਸ,ਹੋਟਲ,ਰੈਸਟੋਰੈਂਟ,ਉਦਯੋਗ ਅਤੇ ਵਪਾਰਕਿ ਅਦਾਰਿਆਂ ਦੇ ਲੇ-ਆਊਟ ਪਲੈਨ ਅਤੇ ਬਿਲਡਿੰਗ ਪਲੈਨਾਂ ਦੀ ਪ੍ਰਵਾਨਗੀ ਹੇਠ ਲਿਖੀਆਂ ਸ਼ਰਤਾਂ ਤੇ ਦੇ ਦਿੱਤੀ ਜਾਵੇ:-

1) ਸਬੰਧਤ ਅਦਾਰੇ ਨੂੰ NHAI ਜਾਂ ਉਸ ਵੱਲੋਂ ਅਧਿਕਾਰਿਤ ਕਿਸੇ ਹੋਰ ਅਧਿਕਾਰੀ ਵੱਲੋਂ ਨੈਸ਼ਨਲ ਹਾਈਵੇਅ ਤੋਂ ਪਹੁੰਚ ਪ੍ਰਾਪਤ ਕਰਨ ਸਬੰਧੀ ਪ੍ਰੋਵੀਜ਼ਨਲ ਪ੍ਰਵਾਨਗੀ ਮਿਲ ਚੁੱਕੀ ਹੋਵੇ।

2) ਪ੍ਰਾਰਥੀ ਪ੍ਰਮੋਟਰ ਵੱਲੋਂ ਇਹ ਅੰਡਰਟੇਕਿੰਗ ਲਈ ਜਾਵੇ ਕਿ ਉਸ ਵੱਲੋਂ NHAI ਤੋਂ ਅੰਤਿਮ ਪ੍ਰਵਾਨਗੀ ਪ੍ਰਾਪਤ ਕਰਕੇ ਇਸ ਵਿਭਾਗ ਦੇ ਦਫਤਰ ਵਿੱਚ ਪੇਸ਼ ਕੀਤੀ ਜਾਵੇਗੀ।

3) ਸਬੰਧਤ ਪ੍ਰਮੋਟਰ ਨੂੰ Occupancy Certificate/ Completion Certificate NHAI ਤੋਂ ਅੰਤਿਮ ਪ੍ਰਵਾਨਗੀ ਮਿਲਣ ਉਪਰੰਤ ਹੀ ਜਾਰੀ ਕੀਤਾ ਜਾਵੇਗਾ।

4) ਸਬੰਧਤ ਪ੍ਰਮੋਟਰ ਪਾਸੋਂ ਇਹ ਅੰਡਰਟੇਕਿੰਗ ਲਈ ਵੀ ਜਾਵੇ ਕਿ ਜੇਕਰ ਉਸ ਨੂੰ NHAI ਤੋਂ ਅੰਤਿਮ ਪ੍ਰਵਾਨਗੀ ਪ੍ਰਾਪਤ ਨਹੀਂ ਹੁੰਦੀ ਤਾਂ ਸਾਈਟ ਵਿੱਚ ਬਣੀ ਹੋਈ ਬਿਲਡਿੰਗ ਓਪਰੇਸ਼ਨਲ ਨਹੀਂ ਕੀਤੀ ਜਾਵੇਗੀ ਅਤੇ ਇਸ ਸਬੰਧੀ ਕਿਸੇ ਵੀ ਤਰ੍ਹਾਂ ਦੇ ਹੋਣ ਵਾਲੇ ਨੁਕਸਾਨ ਦਾ ਉਸ ਵੱਲੋਂ ਮੁਆਵਜ਼ਾ ਕਲੇਮ ਨਹੀਂ ਕੀਤਾ ਜਾਵੇਗਾ।

ਮੁੱਖ ਨਗਰ ਯੋਜਨਾਕਾਰ,
ਪੰਜਾਬ।